ਦੇਸ਼ ਸੇਵਕ

ਚੰਡੀਗੜ੍ਹ, ਐਤਵਾਰ 22 ਅਗਸਤ, 1999

ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਚੋਣਾਂ ਦੇ ਮੌਕੇ 'ਤੇ ਗ਼ਰੀਬ ਲੋਕਾਂ ਦੇ ਨਾਂ

ਮੇਰੇ ਦੇਸ਼ ਦੇ ਗਰੀਬ ਲੋਕੋ, ਲਾਚਾਰ ਲੋਕੋ, ਬੇਰੁਜ਼ਗਾਰ ਲੋਕੋ, ਝੁੱਗੀਆਂ ਝੌਂਪੜੀਆਂ ਵਿਚ ਰਹਿਣ ਵਾਲੇ ਲੋਕੋ, ਸੜਕਾਂ ਉੱਤੇ ਨੀਲੇ ਅਸਮਾਨ ਦੀ ਛੱਤ ਥੱਲੇ ਸੌਣ ਵਾਲੇ ਲੋਕੋ! ਤੁਸੀਂ ਕਰੋੜਾਂ ਦੀ ਗਿਣਤੀ ਵਿਚ ਹੋ ਪਰ ਤੁਹਾਡੇ ਲਈ ਸਰਕਾਰ ਬਣਾਉਣ ਦੀਆਂ ਦਾਅਵੇਦਾਰ ਪਾਰਟੀਆਂ ਕੋਲ ਕੋਈ ਪ੍ਰੋਗਰਾਮ ਨਹੀਂ, ਕੋਈ ਵਾਅਦਾ ਨਹੀਂ ਅਤੇ ਇੱਥੋਂ ਤੱਕ ਕੋਈ ਨਵਾਂ ਲਾਰਾ ਵੀ ਨਹੀਂ। ਉਨ੍ਹਾਂ ਦੇ ਚੋਣ ਮੈਨੀਫੈਸਟੋਆਂ ਵਿਚ ਤੁਹਾਡਾ ਜ਼ਿਕਰ ਵੀ ਨਹੀਂ। ਉਨ੍ਹਾਂ ਲਈ ਤੁਸੀਂ ਕੋਈ ਹੋਂਦ ਹੀ ਨਹੀਂ ਰੱਖਦੇ। ਉਨ੍ਹਾਂ ਕੋਲ ਤਾਂ ਕਰਗਿਲ ਦੀਆਂ ਬਰਫ਼ਾਂ ਲੱਦੀਆਂ ਪਹਾੜੀਆਂ ਹਨ। ਇਹ ਇਕ ਐਸਾ ਮੁੱਦਾ ਹੈ, ਜਿਹੜਾ ਹਿੰਦੋਸਤਾਨ ਤੇ ਪਾਕਿਸਤਾਨ ਦੀਆਂ ਸਰਕਾਰਾਂ ਕੋਲੋਂ 52 ਸਾਲ ਹੱਲ ਨਹੀਂ ਹੋਇਆ। ਤਿੰਨ ਜੰਗਾਂ ਲੜ ਬੈਠੇ ਹਨ ਪਰ ਮਾਮਲਾ ਉੱਥੇ ਦਾ ਉੱਥੇ ਹੀ ਹੈ। ਇਨ੍ਹਾਂ ਕੋਲ ਮੁੱਦਾ ਹੈ, ਜੇ ਪਾਕਿਸਤਾਨ ਐਟਮ ਬੰਬ ਸੁੱਟੇਗਾ, ਅਸੀਂ ਵੀ ਸੁੱਟਾਂਗੇ।

ਪਰ ਮੇਰੇ ਗਰੀਬ ਲੋਕੋ! ਸੋਚੋ, ਕੀ ਇਹਦੇ ਨਾਲ ਤੁਹਾਡਾ ਇਕ ਵੀ ਮਾਮਲਾ ਹੱਲ ਹੋਵੇਗਾ? ਤੁਹਾਡੀ ਇਕ ਵੀ ਮੁਸ਼ਕਲ ਆਸਾਨ ਹੋਵੇਗੀ? ਤੁਹਾਡੇ ਬੱਚਿਆਂ ਨੂੰ ਵੱਡਿਆਂ ਦੇ ਬੱਚਿਆਂ ਦੇ ਬਰਾਬਰ ਦੀ ਵਿੱਦਿਆ ਮਿਲੇਗੀ? ਇਹ ਜੋ ਉੱਤੇ ਬੈਠੇ ਹਨ, ਆਪ ਹੀ ਮਸਲੇ ਸਹੇੜਦੇ ਹਨ ਤੇ ਫੇਰ ਆਪ ਹੀ ਹੱਲ ਕਰਨ ਦਾ ਦਾਅਵਾ ਕਰਦੇ ਰਹਿੰਦੇ ਹਨ। ਤੁਹਾਨੂੰ ਕਹਿੰਦੇ ਨੇ ਸਾਨੂੰ ਵੋਟ ਪਾਵੋ ਤੇ ਤੁਸੀਂ ਪਾ ਦਿੰਦੇ ਹੋ ਕਿਉਂਕਿ ਤੁਸੀਂ ਇਨ੍ਹਾਂ ਦੀਆਂ ਚਾਲਾਂ ਨਹੀਂ ਸਮਝਦੇ। ਕੰਘੀਆਂ ਪੱਟੀਆਂ ਕਰਕੇ, ਵਾਲ ਸੰਵਾਰ ਕੇ, ਪੱਗਾਂ ਬੰਨ੍ਹ ਕੇ, ਚੁੰਨੀਆਂ ਲੈ ਕੇ, ਵਹੀਰਾਂ ਘੱਤ ਕੇ ਲਾਈਨਾਂ ਵਿਚ ਖਲੋਕੇ ਇਨ੍ਹਾਂ ਦੇ ਨਾਂਵਾਂ ਅੱਗੇ ਮੋਹਰ ਲਗਾ ਦਿੰਦੇ ਹੋ-ਅਖੇ ਹਮ ਨੇ ਵੋਟ ਪਾ ਦਿੱਤੀ ਹੈ, ਹਮ ਨੇ ਸਰਕਾਰ ਬਣਾ ਦਿੱਤੀ ਹੈ। ਉਂਝ ਬੜੀ ਥਾਂ ਵੋਟਾਂ ਦੇ ਨਿੱਕੇ-ਨਿੱਕੇ ਡਰਾਮੇ ਵੀ ਹੁੰਦੇ ਹਨ।

—ਕਿਉਂ ਚੌਧਰੀ, ਤੇਰੇ ਪਿੰਡ ਤੇਰੇ ਹੱਥ ਵਿਚ ਕਿੰਨੀ ਵੋਟ ਹੈ?

—ਜੀ 500 ਤੋਂ ਵੱਧ ਹੈ।

—ਸਾਡੇ ਹੱਕ ਵਿਚ ਕਿੰਨੀ ਭੁਗਤਾਵੇਂਗਾ?

—ਜਿੰਨਾ ਮੁੱਲ ਦੇਵੋਗੇ।

—ਸਾਡੇ ਵਿਰੋਧੀ ਕਿੰਨਾ ਮੁੱਲ ਦਿੰਦੇ ਹਨ?

—ਜੀ ਉਨ੍ਹਾਂ ਨੇ 100 ਰੁਪਏ ਪ੍ਰਤੀ ਵੋਟ ਮੁੱਲ ਪਾਇਆ ਹੈ।

—ਅਸੀਂ 200 ਦੇ ਦੇਵਾਂਗੇ।

—ਇਹ ਤਾਂ ਥੋੜ੍ਹਾ ਹੈ

—ਕਿਉਂ?

—ਤੁਸੀਂ ਵੱਡੇ ਸਰਦਾਰ ਹੋਏ, ਸੂਬੇ ਵਿਚ ਤੁਹਾਡੀ ਸਰਕਾਰ ਚੱਲਦੀ ਹੈ।

—ਉਹ ਤਾਂ ਚੱਲਦੀ ਹੈ।

—ਕੇਂਦਰ ਵਿਚ ਤੁਹਾਡਾ ਪੁੱਤਰ ਹੁਣ ਵੀ ਵਜ਼ੀਰ ਏ, ਜੇ ਚੋਣ ਜਿੱਤ ਗਿਆ ਫੇਰ ਵਜ਼ੀਰ ਬਣੇਗਾ।

—ਚਲ ਫੇਰ 300 ਲੈ ਲਵੀਂ। ਪਰ ਹੋਵੇ ਪੱਕੀ।

—ਇੱਟ ਵਰਗੀ ਪੱਕੀ ਜੀ, ਅਸੀਂ ਤਾਂ ਮੁੱਲ ਦੇਣ ਤੋਂ ਪਹਿਲਾਂ ਬਾਬਾ ਜੀ ਦੀ ਹਜ਼ੂਰੀ ਵਿਚ ਸੌਂਹ ਚੁਕਾ ਲੈਂਦੇ ਹਾਂ।

—ਚੰਗਾ ਕਰਦੇ ਹੋ। ਬਾਬਾ ਜੀ ਦਾ ਇਹੋ ਤਾਂ ਫਾਇਦਾ ਹੈ ਕਿ ਹਰ ਗੁਰਦੁਆਰੇ ਵਿਚ ਉਨ੍ਹਾਂ ਦੀ ਸਵਾਰੀ ਹਾਜ਼ਰ ਹੁੰਦੀ ਹੈ।

—ਫੇਰ ਕਦੋਂ ਆਵਾਂ?

—ਤੁਹਾਡੇ ਪਿੰਡ ਵਾਲੀ ਨੋਟਾਂ ਦੀ ਬੋਰੀ ਅਸੀਂ ਲੇਬਲ ਲਗਾ ਕੇ ਹੋਰਨਾਂ ਬੋਰੀਆਂ ਵਿਚ ਰੱਖੀ ਹੋਈ ਹੈ।

—ਚੰਗਾ ਜੀ, ਰੱਬ ਤੁਹਾਡਾ ਭਲਾ ਕਰੇ। ਸਰਦਾਰਨੀ ਹੋਰਾਂ ਦੀ ਸਿਹਤ ਦਾ ਕੀ ਹਾਲ ਏ?

—ਚੜ੍ਹਦੀਆਂ ਕਲਾਂ ਵਿਚ ਹਨ, ਇਹ ਸਭ ਉਨ੍ਹਾਂ ਦੀਆਂ ਬਰਕਤਾਂ ਹਨ।

—ਉਹ ਕਿਸ ਤਰ੍ਹਾਂ?

—ਅਸੀਂ ਤਾਂ ਸਰਕਾਰੀ ਕੰਮਾਂ ਵਿਚ ਰੁੱਝੇ ਹੁੰਦੇ ਹਾਂ। ਇਹ ਪੈਸੇ ਧੇਲੇ ਦਾ ਕੰਮ ਅਸੀਂ ਉਨ੍ਹਾਂ ਨੂੰ ਸੌਂਪਿਆ ਹੋਇਆ ਹੈ।

—ਆਹੋ ਜੀ, ਪੈਸੇ ਬਿਨਾ ਕੰਮ ਕਿਸ ਤਰ੍ਹਾਂ ਚੱਲ ਸਕਦਾ ਹੈ। ਉੱਤੋਂ ਹਰ ਦੂਜੇ ਸਾਲ ਚੋਣਾਂ ਸਿਰ 'ਤੇ ਖਲੋਤੀਆਂ ਹੁੰਦੀਆਂ ਹਨ।

ਸੋ ਲੋਕੋ ਭਾਰਤ ਵਿਚ ਜਮਹੂਰੀਅਤ ਇਸੇ ਤਰ੍ਹਾਂ ਵੀ ਚੱਲਦੀ ਹੈ। ਚੋਣਾਂ ਵਿਚ ਕਰੋੜਾਂ ਖ਼ਰਚੇ ਜਾਂਦੇ ਹਨ ਤੇ ਫੇਰ ਉਹੀ ਕਰੋੜਾਂ ਜਮ੍ਹਾਂ ਕੀਤੇ ਜਾਂਦੇ ਹਨ। ਤੁਹਾਡੀ ਪੂਰੀ ਤਰ੍ਹਾਂ ਛਿੱਲ ਲਾਹੀ ਜਾਂਦੀ ਹੈ। ਤੁਹਾਡੇ ਕੋਲ ਨਿਰਾਸ਼ਤਾ ਦੇ ਸਿਵਾ ਕੁੱਝ ਨਹੀਂ। ਤੁਸੀਂ ਸਵੇਰੇ 8 ਵਜੇ ਦੇ ਆ ਕੇ ਚੌਕ ਵਿਚ ਖੜ੍ਹੇ ਹੋ। ਅੱਖਾਂ ਚੁੱਕ-ਚੁੱਕ ਕੇ ਦੇਖ ਰਹੇ ਹੋ ਕਿ ਕੋਈ ਸਕੂਟਰ 'ਤੇ ਆਵੇ ਤੇ ਆਖੇ-ਚੱਲ ਭਾਈ ਦਿਹਾੜੀ ਲਗਾਉਣੀ ਹੈ? ਤੁਸੀਂ ਉੱਠਦੇ ਹੋ। ਉਹ ਦੇਖਦਾ ਹੈ ਕਿ ਤੁਹਾਨੂੰ ਉੱਠਣ ਵੇਲੇ ਥੋੜ੍ਹੀ ਤਕਲੀਫ਼ ਹੋਈ ਹੈ। ਤੁਹਾਡੀ ਪਿੱਠ ਵਿਚ ਜਾਂ ਤੁਹਾਡੇ ਗੋਡੇ ਵਿਚ ਕੋਈ ਤਕਲੀਫ਼ ਹੈ। ਉਹ ਤੁਹਾਨੂੰ ਛੱਡ ਕੇ ਤੁਹਾਡੇ ਅਗਲੇ ਸਾਥੀ ਕੋਲ ਚਲਾ ਜਾਂਦਾ ਹੈ। ਤੁਸੀਂ ਮਜਬੂਰ ਜਿਹੇ ਹੋ ਕੇ ਦੇਖਦੇ ਹੀ ਰਹਿ ਜਾਂਦੇ ਹੋ। ਕੋਲੋਂ ਥਰੀ ਵ੍ਹੀਲਰ ਲੰਘਦਾ ਹੈ ਜੋ ਪੁਕਾਰ- ਪੁਕਾਰ ਕੇ ਕਹਿ ਰਿਹਾ ਹੈ-'ਤੁਹਾਡੀ ਵੋਟ ਦਾ ਹੱਕਦਾਰ ਸਰਦਾਰ/ਲਾਲ (ਕਿਸੇ ਵੱਡੇ ਬੰਦੇ ਦਾ ਨਾਂ)। ਤੁਹਾਡੇ ਮੂੰਹੋਂ ਗਾਲ੍ਹ ਜਿਹੀ ਨਿਕਲਦੀ ਹੈ। ਇਹ ਗਾਲ੍ਹ ਹੀ ਅਸਲ ਵਿਚ ਤੁਹਾਡੀ ਸਿਆਣਪ ਦੇ ਸ਼ੁਰੂ ਹੋਣ ਦਾ ਇਕ ਚਿੰਨ੍ਹ ਹੈ।

ਮੇਰੇ ਲੋਕੋ! ਬਹੁਤ ਸਿਆਣੇ ਬਣੋਂ, ਅਖ਼ਬਾਰ ਤਾਂ ਤੁਸੀਂ ਆਮ ਤੌਰ 'ਤੇ ਪੜ੍ਹਦੇ ਨਹੀਂ ਪਰ ਕਦੀ-ਕਦੀ ਤਸਵੀਰਾਂ ਦੇਖਣ ਦੇ ਬਹਾਨੇ ਵੇਖ ਜ਼ਰੂਰ ਲੈਂਦੇ ਹੋ। ਤਸਵੀਰਾਂ ਬਹੁਤੀਆਂ ਫ਼ੈਸ਼ਨਾਂ ਵਾਲੀਆਂ ਕੁੜੀਆਂ ਦੀਆਂ ਹੁੰਦੀਆਂ ਹਨ ਪਰ ਕਦੀ-ਕਦੀ ਜ਼ਿੰਦਗੀ ਦਾ ਸੱਚ ਦੱਸਣ ਵਾਲੀਆਂ ਵੀ ਹੁੰਦੀਆਂ ਹਨ। 19 ਅਗਸਤ ਦੀ ਚੰਡੀਗੜ੍ਹ 'ਚ ਛਪਦੀ ਨਿਊਜ਼ਲਾਈਨ ਦੇ ਪਹਿਲੇ ਸਫ਼ੇ 'ਤੇ ਦੋ ਤਸਵੀਰਾਂ ਹਨ। ਉੱਤੇ ਇਕ ਰੋਂਦੀ ਵਿਰਲਾਪ ਕਰਦੀ ਮਾਂ ਦੀ ਹੈ, ਜਿਸ ਦਾ ਫ਼ੌਜੀ ਪੁੱਤਰ ਕਸ਼ਮੀਰ ਹਵਾਈ ਹਾਦਸੇ ਵਿਚ ਸ਼ਹੀਦ ਹੋ ਗਿਆ ਹੈ ਤੇ ਥੱਲੇ ਇਕ ਚੋਣਾਂ ਵਿਚ ਖਲੋਤੇ ਉਮੀਦਵਾਰ ਦੀ ਹੈ, ਜਿਸ ਦੇ ਮੂੰਹ ਵਿਚ ਉਹਦਾ ਸਾਥੀ ਲੱਡੂ ਪਾ ਰਿਹਾ ਹੈ ਕਿਉਂਕਿ ਉਹਨੂੰ ਪਾਰਟੀ ਦੀ ਟਿਕਟ ਮਿਲ ਗਈ ਹੈ। ਵਿਰਲਾਪ ਤੁਹਾਡੇ ਹਿੱਸੇ ਹੈ, ਲੱਡੂ ਉਨ੍ਹਾਂ ਦੇ ਹਿੱਸੇ ਹਨ। ਇਹ ਜ਼ਿੰਦਗੀ ਦੀ ਇਕ ਕੌੜੀ ਸਚਾਈ ਹੈ। ਕਾਰਗਿਲ ਦੀ ਜੰਗ ਦੀ ਜਿੱਤ ਦਾ ਸਿਹਰਾ ਵਾਜਪਾਈ ਦੀ ਪਾਰਟੀ ਵਾਲੇ ਵਾਜਪਾਈ ਨੂੰ ਦੇ ਰਹੇ ਹਨ ਅਤੇ ਤੁਹਾਡੀ ਵੋਟ ਮੰਗ ਰਹੇ ਹਨ। ਕਾਂਗਰਸ ਵਾਲੇ ਰਾਜੀਵ ਦੇ ਨਾਂ 'ਤੇ ਤੁਹਾਡੇ ਕੋਲੋਂ ਵੋਟਾਂ ਮੰਗ ਰਹੇ ਹਨ ਕਿਉਂਕਿ ਉਹਦੀਆਂ ਖਰੀਦੀਆਂ ਹੋਈਆਂ ਬੋਫ਼ਰਜ਼ ਤੋਪਾਂ ਨੇ ਇਹ ਜੰਗ ਜਿੱਤੀ ਹੈ। ਫ਼ੌਜੀ ਜਵਾਨਾਂ ਨੇ, ਜਿਹੜੇ ਸਾਧਾਰਨ ਲੋਕਾਂ ਦੇ ਪੁੱਤਰ ਹਨ, ਉਨ੍ਹਾਂ ਨੇ ਜਿਹੜੀ ਸ਼ਹੀਦੀ ਪਾਈ ਹੈ, ਕੀ ਕਦੀ ਉਹਦਾ ਮੁੱਲ ਵੀ ਪਵੇਗਾ? ਮੇਰੇ ਲੋਕੋ! ਕੀ ਤੁਸੀਂ ਸਿਰਫ਼ ਵੋਟ ਹੀ ਪਾਵੋਗੇ ਜਾਂ ਕਦੀ ਇਹ ਵੀ ਸੋਚੋਗੇ ਕਿ ਇਹ ਗਰੀਬ ਦੁਸ਼ਮਣ ਵਰਤਾਰਾ, ਜੋ ਚੱਲ ਰਿਹਾ ਹੈ, ਇਹ ਕਿਸ ਤਰ੍ਹਾਂ ਬਦਲੇਗਾ? ਇਹ ਇਕ ਸਵਾਲ ਹੈ ਤੇ ਇਹਦਾ ਸਹੀ ਜਵਾਬ ਹੀ ਤੁਹਾਡਾ ਅਤੇ ਤੁਹਾਡੇ ਬੱਚਿਆਂ ਦੇ ਚੰਗੇ ਭਵਿੱਖ ਦਾ ਜ਼ਾਮਨੀ ਹੈ। ਮੇਰੇ ਲੋਕੋ! ਆਓ ਸਿਆਣੇ ਬਣੀਏ।